ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

(ਮਕਾਨ ਉਸਾਰੀ-1 ਸ਼ਾਖਾ)

ਅਧਿਸੂਚਨਾਂ

ਨੰ: 06/21/2018-6ਮਉ1/ 2737 ਮਿਤੀ: 24/11/2022

ਜਿਵੇਂ ਕਿ ਕੁੱਝ ਜਮੀਨ ਮਾਲਕਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਖੇ ਕੇਸ ਦਾਇਰ ਕਰਦੇ ਹੋਏ ਮੰਗ ਕੀਤੀ ਗਈ ਸੀ ਕਿ ਸੈਕਟਰ 90 ਅਤੇ ਸੈਕਟਰ 91 ਡਿਵਾਈਡਿੰਗ ਰੋਡ ਦੇ ਦੋਵੇਂ ਪਾਸੇ ਆਉਂਦੀਆਂ ਬਾਕੀ ਰਹਿੰਦੀਆਂ ਜਮੀਨਾਂ ਜੋ ਕਿ ਜਨਤਾ ਲੈਂਡ ਪ੍ਰਮੋਟਰਜ਼ ਲਿਮਟਿਡ ਦੇ ਰਿਹਾਇਸ਼ੀ ਪ੍ਰੋਜੈਕਟ ਦਾ ਹਿੱਸਾ ਹਨ, ਨੂੰ ਵੀ ਐਕੁਆਇਰ ਕੀਤਾ ਜਾਵੇ।

ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਸਾਹਿਬਜਾਦਾ ਅਜੀਤ ਸਿੰਘ ਨਗਰ ਜਿਲ੍ਹਾ (ਸਾਹਿਬਜ਼ਾਦਾ) ਅਜੀਤ ਸਿੰਘ ਨਗਰ ਵੱਲੋਂ ਪਿੰਡ ਸੋਹਾਣਾ ਅਤੇ ਲਖਨੌਰ ਵਿਖੇ 60 ਮੀਟਰ ਚੌੜੀ ਸੈਕਟਰ ਡਿਵਾਈਡਿੰਗ ਰੋਡ ਵਿੱਚ ਪੈਂਦੇ ਕੁੱਝ ਮੀਸਿੰਗ ਖਸਰਾ ਨੰਬਰਾਂ ਦੀਆਂ ਜਮੀਨਾਂ ਨੂੰ ਐਕਵਾਇਰ ਕਰਨ ਦੀ ਪ੍ਰੀਕ੍ਰਿਆ ਸ਼ੁਰੂ ਕੀਤੀ ਗਈ ਹੈ। ਜੇਕਰ ਪੰਜਾਬ ਸਰਕਾਰ ਵੱਲੋਂ ਇਹ ਜਮੀਨ 10 % ਕ੍ਰਿਟਿਕਲ ਗੈਪ ਵੱਜੋਂ ਐਕੁਆਇਰ ਕੀਤੀ ਜਾਂਦੀ ਹੈ ਤਾਂ ਜਨਤਾ ਲੈਂਡ ਪ੍ਰਮੋਟਰ ਪ੍ਰਾਈਵੇਟ ਲਿਮਟਿਡ ਪ੍ਰੋਜੈਕਟ ਦੇ ਪ੍ਰਮੋਟਰ ਵੱਲੋਂ ਮਾਸਟਰ ਪਲੈਨ ਰੋਡ ਤੋਂ ਬਾਹਰ ਪੈਣ ਵਾਲੀ ਜਮੀਨਾਂ ਦੇ ਮਾਲਕਾਂ ਨੂੰ ਮੁਆਵਜਾਂ ਦੇਣ ਲਈ ਸਹਿਮਤੀ ਦਿੱਤੀ ਗਈ ਹੈ।

ਇਸ ਲਈ ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਦੇ ਰਾਜਪਾਲ ਜੀ ਪ੍ਰਸੰਤਾਪੂਰਵਕ ***"ਰਾਈਟ ਟੂ ਫੇਅਰ ਕੰਪਨਸੇਸ਼ਨ ਅਤੇ ਟਰਾਂਸਪੇਰੈਂਸੀ ਇੰਨ ਲੈਂਡ ਐਕੂਜੇਸ਼ਨ, ਰੀਹੈਬਲੀਟੇਸ਼ਨ, ਰੀਸੈਟਲਮੈਂਟ ਐਕਟ 2013"*** ਦੀ ਧਾਰਾ 94 ਦੇ ਪ੍ਰਾਵਧਾਨ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਅਤੇ ਹੋਰ ਸਾਰੀਆਂ ਸ਼ਕਤਰੀਆਂ ਜੋ ਉਹਨਾਂ ਨੂੰ ਸਮਰੱਥ ਬਣਾਉਂਦੀਆਂ ਹਨ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅਨੁਸਾਰ ਜਨਤਾ ਲੈਂਡ ਪ੍ਰਮੋਟਰ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਰਿਹਾਇਸ਼ੀ ਪ੍ਰੋਜੈਕਟ ਵਿੱਚ ਪੈਂਦੀ ਜਮੀਨ ਨੂੰ 60 ਮੀਟਰ ਚੌੜੀ ਸੈਕਟਰ ਡਿਵਾਈਡਿੰਗ ਰੋਡ ਨੂੰ ਐਕਵਾਇਰ ਕਰਨ ਦੀ ਪ੍ਰੀਕ੍ਰਿਆ ਦੇ ਨਾਲ-ਨਾਲ ਐਕੂਆਇਰ ਕਰਨ ਦੀ ਮੰਨਜੂਰੀ ਦਿੱਤੀ ਜਾਂਦੀ ਹੈ।

ਪਿੰਡ- ਸੋਹਾਣਾ

| ਲੜੀ ਨੰਬਰ | ਖਸਰਾ ਨੰਬਰ | ਜਮ੍ਹਾਬੰਦੀ ਅਨੁਸਾਰ ਰਕਬਾ | ਜਿਨ੍ਹਾਂ ਰਕਬਾ ਸੜਕ ਵਿੱਚ ਪੈਂਦਾ ਹੈ | ਜਿਨ੍ਹਾਂ ਰਕਬਾ ਕ੍ਰੀਟੀਕਲ ਗੈਪ ਵੱਜੋਂ ਐਕੁਆਇਰ ਕੀਤਾ ਜਾਣਾ ਹੈ |
|---|---|---|---|---|
| 1. | 47//17/2 | 5 ਕ 8 ਮ | 1 ਕ 19 ਮ | 3 ਕ 9 ਮ |
| 2. | 47//18 | 8 ਕ 0 ਮ | 4 ਕ 0 ਮ | 1 ਕ 14 ਮ |
| 3. | 47//19/1 | 3 ਕ 0 ਮ | 0 ਕ 3 ਮ | 1 ਕ 19.76 ਮ |
| 4. | 47//19/2 | 3 ਕ 12 ਮ | - | 3 ਕ 12 ਮ |
| | | | ਕੁੱਲ | **10 ਕ 14.76 ਮ** |

ਪਿੰਡ-ਲਖਨੋਰ

| ਲੜੀ ਨੰਬਰ | ਖਸਰਾ ਨੰਬਰ | ਜਮ੍ਹਾਬੰਦੀ ਅਨੁਸਾਰ ਰਕਬਾ | ਜਿਨ੍ਹਾਂ ਰਕਬਾ ਸੜਕ ਵਿੱਚ ਪੈਂਦਾ ਹੈ | ਜਿਨ੍ਹਾਂ ਰਕਬਾ ਕ੍ਰੀਟੀਕਲ ਗੈਪ ਵੱਜੋਂ ਐਕੁਆਇਰ ਕੀਤਾ ਜਾਣਾ ਹੈ |
|---|---|---|---|---|
| 1. | 15//1/2/2 | 4 ਕ 0 ਮ | ---- | 4 ਕ 0 ਮ (ਕਿਉਂ ਜੋ ਇਸ ਰਕਬੇ ਦੀ ਪਹਿਲਾਂ ਹੀ ਸਹਿਮਤੀ ਜੇ.ਐਲ.ਪੀ.ਐਲ. ਨੇ ਦਿੱਤੀ ਹੋਈ ਹੈ।) |
| 2. | 7//13/2 | 1 ਕ 1 ਮ | ------- | 0 ਕ 4.33 ਮ |
| 3. | 7//13/3 | 1 ਕ 8 ਮ | ---------- | 0 ਕ 5.88 ਮ |
| 4. | 7//13/4 | 0 ਕ 11 ਮ | -------- | 0 ਕ 2.33 ਮ |
| 5. | 7//13/5 | 0 ਕ 7 ਮ | ------- | 0 ਕ 1.44 ਮ |
| | | | ਕੁੱਲ | **4 ਕ 13.98 ਮ** |

ਸਥਾਨ:- ਚੰਡੀਗੜ੍ਹ
ਮਿਤੀ:- 09.11.2022

ਅਜੋਏ ਕੁਮਾਰ ਸਿਨਹਾ (ਆਈ.ਏ.ਐਸ)
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਚੰਡੀਗੜ੍ਹ

ਪਿੱਠ ਅੰਕਣ ਨੰ-06/21/2018-6ਮਉ1/ 2738 ਮਿਤੀ- 24/11/2022

ਉਪਰੋਕਤ ਦਾ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ ਨੂੰ ਭੇਜਦੇ ਹੋਏ ਇਸ ਨੋਟੀਫੀਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਣ) ਵਿੱਚ ਛਾਪਣ ਦੀ ਬੇਨਤੀ ਕੀਤੀ ਜਾਂਦੀ ਹੈ।

Kamal
ਉੱਪ ਸਕੱਤਰ

ਪਿੱਠ ਅੰਕਣ ਨੰ-06/21/2018-6ਮਉ1/2739. ਮਿਤੀ:24/11/2022.

ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮੁੱਖ ਪ੍ਰਸ਼ਾਸ਼ਕ, ਪੁੱਡਾ, ਸਾਹਿਬਜਾਦਾ ਅਜੀਤ ਸਿੰਘ ਨਗਰ
2. ਮੁੱਖ ਪ੍ਰਸ਼ਾਸ਼ਕ, ਗਮਾਡਾ, ਸਾਹਿਬਜਾਦਾ ਅਜੀਤ ਸਿੰਘ ਨਗਰ
3. ਡਾਇਰੈਕਟਰ, ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਸਾਹਿਬਜਾਦਾ ਅਜੀਤ ਸਿੰਘ ਨਗਰ
4. ਭੋਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ, ਸਾਹਿਬਜਾਦਾ ਅਜੀਤ ਸਿੰਘ ਨਗਰ
5. ਜਨਰਲ ਮੈਨੇਜਰ (ਆਈ.ਟੀ) ਪੁੱਡਾ, ਸਾਹਿਬਜਾਦਾ ਅਜੀਤ ਸਿੰਘ ਨਗਰ (ਨੋਟੀਫਿਕੇਸ਼ਨ ਦਾ ਖਰੜਾ ਪੁੱਡਾ ਦੀ ਸਾਈਟ ਤੇ ਅਪਲੋਡ ਕੀਤਾ ਜਾਵੇ )

24/11/2022

ਸੁਪਰਡੰਟ

ਹ.